## ਕਿਸੇ ਵਕੀਲ ਦੇ ਦਫਤਰ ਵਿਚ ਕੌਣ ਕੀ ਹੁੰਦਾ ਹੈ

ਕੁਝ ਵਕੀਲ ਇਕੱਲੇ ਕੰਮ ਕਰਦੇ ਹਨ ਅਤੇ ਕੁਝ ਸਹਾਇਕਾਂ ਅਤੇ ਹੋਰ ਵਕੀਲਾਂ ਨਾਲ ਰਲ ਕੇ ਕੰਮ ਕਰਦੇ ਹਨ। ਪੈਰਾਲੀਗਲਜ਼ ਖਾਸ ਤੌਰ ਉੱਤੇ ਟਰੇਂਡ ਸਟਾਫ ਹੁੰਦਾ ਹੈ ਜਿਹੜਾ ਕਿ ਕਾਨੂੰਨੀ ਪੇਪਰ ਤਿਆਰ ਕਰਨ ਜਾਂ ਖੋਜ ਕਰਨ ਲਈ ਵਕੀਲ ਦੀ ਨਿਗਰਾਨੀ ਥੱਲੇ ਕੰਮ ਕਰਦਾ ਹੈ। ਆਰਟੀਕਲਿੰਗ ਸਟੂਡੈਂਟਸ (ਵਿਦਿਆਰਥੀ), ਲਾਅ ਸਕੂਲ ਦੇ ਪੜ੍ਹੇ ਹੁੰਦੇ ਹਨ ਜੋ ਕਿ ਵਕੀਲ ਬਣਨ ਲਈ ਟਰੇਨਿੰਗ ਲੈ ਰਹੇ ਹੁੰਦੇ ਹਨ। ਉਹ ਅਕਸਰ ਖੋਜ ਦਾ ਕੰਮ ਅਤੇ ਪੁੱਛ-ਪੜਤਾਲ ਕਰਦੇ ਹਨ। ਆਰਟੀਕਲਿੰਗ ਸਟੂਡੈਂਟਸ ਨੂੰ ਕੁਝ ਖਾਸ ਕਿਸਮ ਦੇ ਅਦਾਲਤੀ ਕੇਸਾਂ ਵਿਚ ਤੁਹਾਡੀ ਪ੍ਰਤੀਨਿਧਤਾ ਕਰਨ ਦੀ ਆਗਿਆ ਵੀ ਹੁੰਦੀ ਹੈ।

ਤੁਹਾਡਾ ਵਕੀਲ, ਕਿਸੇ ਹੋਰ ਵਕੀਲ ਨੂੰ ਵੀ ਤੁਹਾਡੀ ਮਦਦ ਕਰਨ ਲਈ ਕਹਿ ਸਕਦਾ ਹੈ। ਉਦਾਹਰਣ ਵਜੋਂ, ਤੁਹਾਡੇ ਕੇਸ ਉੱਤੇ ਕਿਸੇ ਵੇਲੇ ਬਹੁਤ ਛੇਤੀ ਕੰਮ ਕਰਨ ਦੀ ਲੋੜ ਪੈ ਸਕਦੀ ਹੈ ਜਦੋਂ ਤੁਹਾਡਾ ਵਕੀਲ ਇਸ ਲਈ ਮੌਜੂਦ ਨਹੀਂ ਹੈ ਜਾਂ ਤੁਹਾਡੇ ਕੇਸ ਵਿਚ ਕਾਨੂੰਨ ਦੇ ਕਈ ਵੱਖ ਵੱਖ ਖੇਤਰ ਸ਼ਾਮਲ ਹੋ ਸਕਦੇ ਹਨ ਜਿਸ ਲਈ ਉਨ੍ਹਾਂ ਖੇਤਰਾਂ ਦੇ ਵਕੀਲਾਂ ਦੇ ਗਿਆਨ ਦੀ ਲੋੜ ਹੋ ਸਕਦੀ ਹੈ। ਖਰਚੇ ਘਟਾਉਣ ਲਈ ਤੁਹਾਡਾ ਵਕੀਲ, ਤੁਹਾਡੀ ਫਾਇਲ ਦੇ ਕੁਝ ਆਮ ਹਿੱਸਿਆਂ ਦਾ ਕੰਮ ਉਨ੍ਹਾਂ ਵਕੀਲਾਂ ਨੂੰ ਵੀ ਦੇ ਸਕਦਾ ਹੈ ਜਿਨ੍ਹਾਂ ਦਾ ਰੇਟ ਘੱਟ ਹੁੰਦਾ ਹੈ।

## ਆਪਣੇ ਕਾਨੂੰਨੀ ਖਰਚੇ ਘਟਾਉਣ ਦੇ ਤਰੀਕੇ

- ਆਪਣੇ ਵਕੀਲ ਨਾਲ ਹਰ ਮੀਟਿੰਗ ਲਈ ਤਿਆਰੀ ਕਰੋ। ਇਹ ਗੱਲ ਪੱਕੀ ਕਰੋ ਕਿ ਤੁਹਾਡੇ ਕੋਲ ਸਾਰੇ ਪੇਪਰ ਢੰਗ-ਸਿਰ ਹਨ ਅਤੇ ਤੁਸੀਂ ਆਪਣੇ ਵਕੀਲ ਵਲੋਂ ਭੇਜੇ ਗਏ ਕਿਸੇ ਵੀ ਪੇਪਰ ਨੂੰ ਚੰਗੀ ਤਰ੍ਹਾਂ ਵਿਚਾਰ ਲਿਆ ਹੈ।
- ਆਪਣੇ ਵਕੀਲ ਨਾਲ ਆਪਣੀ ਗੱਲਬਾਤ ਨੂੰ ਸੰਖੇਪ ਅਤੇ ਇਕਾਗਰ ਰੱਖੋ। ਜਿਨ੍ਹਾਂ ਮਸਲਿਆਂ ਦਾ ਤੁਹਾਡੇ ਕਾਨੂੰਨੀ ਮਸਲੇ ਨਾਲ ਸਬੰਧ ਨਹੀਂ ਹੈ ਉਨ੍ਹਾਂ ਨੂੰ ਵਿਚਾਰਨ ਉੱਤੇ ਸਮਾਂ ਨਾ ਲਾਉ।
- ਆਪਣੀ ਸਾਰੀ ਕਹਾਣੀ ਦੱਸੋ, ਭਾਵੇਂ ਇਹ ਨੁਕਸਾਨ ਪਹੁੰਚਾਉਣ ਵਾਲੀ ਜਾਂ ਸ਼ਰਮਨਾਕ ਹੀ ਕਿਉਂ ਨਾ ਹੋਵੇ — ਤੁਹਾਡੇ ਵਕੀਲ ਨੂੰ ਸਾਰੇ ਪਹਿਲੂ ਵਿਚਾਰਨ ਦੀ ਲੋੜ ਹੈ।
- ਪਹਿਲੀ ਵਾਰੀ ਹੀ ਠੀਕ ਫੈਸਲੇ ਕਰਨ ਦੀ ਕੋਸ਼ਿਸ਼ ਕਰੋ — ਹਰ ਵੇਲੇ ਮਨ ਬਦਲਣ ਨਾਲ ਤੁਹਾਡਾ ਖਰਚਾ ਵਧ ਸਕਦਾ ਹੈ।
- ਆਪਣੇ ਵਕੀਲ ਦੇ ਸਹਾਇਕਾਂ ਨੂੰ ਜਾਣੋ। ਜੇ ਸੈਕਟਰੀ, ਪੈਰਾਲੀਗਲ, ਆਰਟੀਕਲਿੰਗ ਸਟੂਡੈਂਟ ਜਾਂ ਜੂਨੀਅਰ ਵਕੀਲ ਤੁਹਾਡੀ ਮਦਦ ਕਰ ਸਕਦਾ ਹੋਵੇ ਤਾਂ ਸੱਭ ਤੋਂ ਜ਼ਿਆਦਾ ਸੀਨੀਅਰ ਵਕੀਲ ਦੀ ਥਾਂ ਉਸ ਨਾਲ ਸੰਪਰਕ ਕਰੋ।
- ਇਹ ਜਾਣੋ ਕਿ ਕੀ ਤੁਹਾਡੀਆਂ ਆਸਾਂ ਵਾਜਬ ਹਨ। ਆਪਣੇ ਵਕੀਲ ਤੋਂ ਉਸਦੀ ਕਾਨੂੰਨੀ ਰਾਇ ਪੁੱਛੋ। ਆਪਣੀਆਂ ਚੋਣਾਂ ਅਤੇ ਬਦਲਵੇਂ ਤਰੀਕਿਆਂ ਬਾਰੇ ਪਤਾ ਲਾਉ। ਇਹ ਪੱਕਾ ਕਰੋ ਕਿ ਤੁਸੀਂ ਅਤੇ ਤੁਹਾਡਾ ਵਕੀਲ ਤੁਹਾਡੀਆਂ ਵਿਉਂਤਾਂ ਅਤੇ ਤਰਜੀਹਾਂ ਬਾਰੇ ਸਹਿਮਤ ਹੋ ਅਤੇ ਇਹ ਉਹ ਨਤੀਜੇ ਕੱਢਣ ਵਾਲੀਆਂ ਹੋਣ ਜਿਹੜੇ ਤੁਸੀਂ ਚਾਹੁੰਦੇ ਹੋ।
- ਸੱਭ ਤੋਂ ਵੱਧ ਇਹ ਕਿ ਅਸਲੀਅਤ ਵਿਚ ਯਕੀਨ ਰੱਖੋ। 500 ਡਾਲਰ ਹਾਸਲ ਕਰਨ ਲਈ 1,000 ਡਾਲਰ ਨਾ ਖਰਚੋ।

## ਕਾਨੂੰਨੀ ਵਸੀਲੇ

ਕਾਨੂੰਨੀ ਸਮੱਸਿਆਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਪਸ਼ਟ ਕਰਨ ਵਿਚ ਇਹ ਵਸੀਲੇ ਤੁਹਾਡੀ ਮਦਦ ਕਰਨਗੇ, ਪਰ ਇਹ ਵਸੀਲੇ ਕਿਸੇ ਵਕੀਲ ਦੀ ਪੇਸ਼ਾਵਰ ਸਲਾਹ ਦਾ ਬਦਲ ਨਹੀਂ ਹਨ।

**ਡਾਇਲ-ਏ-ਲਾਅ:** ਵਕੀਲਾਂ ਵਲੋਂ ਪਹਿਲਾਂ ਹੀ ਰਿਕਾਰਡ ਕੀਤੇ ਸੁਨੇਹਿਆਂ ਦੀ ਇਹ ਇਕ ਲਾਇਬਰੇਰੀ ਹੈ, ਜਿਹੜੀ ਖਾਸ ਕਾਨੂੰਨੀ ਮਸਲਿਆਂ ਬਾਰੇ ਉਪਯੋਗੀ ਸਲਾਹ ਦਿੰਦੀ ਹੈ। ਡਾਇਲ-ਏ-ਲਾਅ ਨੂੰ ਫੰਡ, ਲਾਅ ਫਾਊਂਡੇਸ਼ਨ ਆਫ ਬੀ ਸੀ ਤੋਂ ਮਿਲਦੇ ਹਨ ਅਤੇ ਇਸ ਨੂੰ ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਬੀ ਸੀ ਬਰਾਂਚ ਸਪੌਂਸਰ ਕਰਦੀ ਹੈ। 604-687-4680 ਉੱਤੇ ਜਾਂ 1-800-565-5297 ਉੱਤੇ ਫੋਨ ਕਰੋ। ਨਕਲਾਂ www.bccba.org. ਉੱਤੇ ਦੇਖੀਆਂ ਜਾ ਸਕਦੀਆਂ ਹਨ।

**ਲਾਅ ਲਾਈਨ:** ਕਾਨੂੰਨੀ ਜਾਣਕਾਰੀ ਦੇਣ ਵਾਲੀ ਇਹ ਇਕ ਟੈਲੀਫੋਨ ਸੇਵਾ ਹੈ ਜਿਹੜੀ ਕਿ ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਚਲਾਈ ਜਾਂਦੀ ਹੈ। ਲਾਅ ਲਾਈਨ ਕਾਨੂੰਨੀ ਸਲਾਹ ਨਹੀਂ ਦਿੰਦੀ ਪਰ ਇਹ ਤੁਹਾਡੀ ਸਮੱਸਿਆ ਦੀ ਪਛਾਣ ਕਰਨ ਵਿਚ ਤੁਹਾਡੀ ਸਹਾਇਤਾ ਕਰ ਸਕਦੀ ਹੈ, ਤੁਹਾਨੂੰ ਕਾਨੂੰਨ ਬਾਰੇ ਜਾਣਕਾਰੀ ਦੇ ਸਕਦੀ ਹੈ ਅਤੇ ਤੁਹਾਨੂੰ ਉਨ੍ਹਾਂ ਵਸੀਲਿਆਂ ਬਾਰੇ ਦੱਸ ਸਕਦੀ ਹੈ ਜਿਹੜੇ ਸਹਾਇਤਾ ਕਰਨ ਵਾਲੇ ਹੋ ਸਕਦੇ ਹਨ, ਜਿਸ ਵਿਚ ਕਾਨੂੰਨ ਬਾਰੇ ਵੈੱਬਸਾਈਟਾਂ ਦੀ ਜਾਣਕਾਰੀ, ਲਿਖਤੀ ਜਾਣਕਾਰੀ ਅਤੇ ਹੋਰ ਸੇਵਾਵਾਂ ਸ਼ਾਮਲ ਹਨ। (604) 408-2172 ਉੱਤੇ ਜਾਂ 1-866-577-2525 ਉੱਤੇ ਫੋਨ ਕਰੋ।

**ਇਲੈਕਟਰੌਨਿਕ ਲਾਅ ਲਾਇਬਰੇਰੀ:** ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਹੀ ਇੰਟਰਨੈੱਟ ਉੱਤੇ ਜਾਣਕਾਰੀ ਦੇਣ ਦਾ ਇਹ ਇਕ ਹੋਰ ਵਸੀਲਾ ਹੈ ਜਿਹੜਾ ਕਿ ਵੱਖ ਵੱਖ ਤਰ੍ਹਾਂ ਦੀ ਕਾਨੂੰਨੀ ਜਾਣਕਾਰੀ ਇੰਟਰਨੈੱਟ ਉੱਤੇ ਪ੍ਰਦਾਨ ਕਰਦਾ ਹੈ: http://www.bcpl.gov.bc.ca/ell.

**ਕਾਨੂੰਨ ਬਾਰੇ ਲਾਇਬਰੇਰੀਆਂ:** ਕਾਨੂੰਨ ਬਾਰੇ ਲਾਇਬਰੇਰੀਆਂ ਯੂਨੀਵਰਸਿਟੀ ਆਫ ਵਿਕਟੋਰੀਆ ਦੇ ਲਾਅ ਸਕੂਲ (library.law.uvic.ca) ਅਤੇ ਯੂ ਬੀ ਸੀ ਦੇ ਲਾਅ ਸਕੂਲ (www.library.ubc.ca/law) ਵਿਚ ਸਥਿਤ ਹਨ। ਦੋਨੋਂ ਲੋਕਾਂ ਲਈ ਖੁਲ੍ਹੀਆਂ ਹਨ। ਇਸ ਤੋਂ ਇਲਾਵਾ, ਬੀ ਸੀ ਕੋਰਟਹਾਊਸ ਲਾਇਬਰੇਰੀ ਸੁਸਾਇਟੀ (www.bccls.bc.ca) ਸੂਬੇ ਭਰ ਵਿਚ ਵੱਖ ਵੱਖ ਕੋਰਟਹਾਊਸਾਂ ਵਿਚ ਕਾਨੂੰਨ ਬਾਰੇ ਲਾਇਬਰੇਰੀਆਂ ਚਲਾਉਂਦੀ ਹੈ ਜਿਹੜੀਆਂ ਕਿ ਲੋਕਾਂ ਲਈ ਖੁਲ੍ਹੀਆਂ ਹਨ। ਥਾਂਵਾਂ ਅਤੇ ਖੁਲ੍ਹਣ ਦੇ ਸਮਿਆਂ ਬਾਰੇ ਵੈਨਕੂਵਰ ਬਰਾਂਚ ਤੋਂ ਪਤਾ ਕਰੋ:1-800-665-2570. ਲਾਇਬਰੇਰੀਅਨ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦੇ।

**ਕਾਨੂੰਨ ਦੇ ਵਿਦਿਆਰਥੀਆਂ ਵਲੋਂ ਕਾਨੂੰਨੀ ਸਲਾਹ ਦੇਣ ਦਾ ਪ੍ਰੋਗਰਾਮ:** ਲੋਅਰ ਮੇਨਲੈਂਡ ਵਿਚ ਕਈ ਥਾਂਵਾਂ ਉੱਤੇ ਵੱਖ ਵੱਖ ਵਿਸ਼ਿਆਂ ਬਾਰੇ, ਯੂ ਬੀ ਸੀ ਵਿਚ ਕਾਨੂੰਨ ਦੀ ਪੜ੍ਹਾਈ ਕਰਦੇ ਵਿਦਿਆਰਥੀ (ਕਿਸੇ ਵਕੀਲ ਦੀ ਨਿਗਰਾਨੀ ਹੇਠ) ਮੁਫਤ ਕਾਨੂੰਨੀ ਸਲਾਹ ਦਿੰਦੇ ਹਨ। (604) 822-5791 ਉੱਤੇ ਫੋਨ ਕਰੋ ਜਾਂ www.lslap.bc.ca. ਉੱਤੇ ਵੈੱਬਸਾਈਟ ਦੇਖੋ।

**ਫੈਮਿਲੀ ਲਾਅ ਵੈੱਬਸਾਈਟ:** ਲੀਗਲ ਸਰਵਿਸਿਜ਼ ਸੁਸਾਇਟੀ ਦੀ ਇਹ ਇੰਟਰਨੈੱਟ ਸਾਈਟ (www.familylaw.lss.bc.ca) ਪਰਿਵਾਰਕ ਕਾਨੂੰਨਾਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਲਈ, ਕਾਨੂੰਨ ਨੂੰ ਸਮਝਣ ਅਤੇ ਵਰਤਣ ਵਿਚ ਲੋਕਾਂ ਦੀ ਮਦਦ ਕਰਨ ਲਈ ਸਮਰਪਿਤ ਹੈ। ਇਸ ਸਾਈਟ ਲਈ ਫੰਡ ਲਾਅ ਫਾਊਂਡੇਸ਼ਨ ਆਫ ਬੀ ਸੀ ਵਲੋਂ ਮਿਲਦੇ ਹੈ।

ਬ੍ਰਿਟਿਸ਼ ਕੋਲੰਬੀਆ ਵਿਚਲੇ ਵਕੀਲਾਂ ਲਈ ਲਾਅ ਸੁਸਾਇਟੀ ਆਫ ਬੀ ਸੀ ਦੇ ਮੈਂਬਰ ਹੋਣਾ ਜ਼ਰੂਰੀ ਹੈ, ਜਿਹੜੀ ਕਿ 1869 ਵਿਚ ਕਾਇਮ ਕੀਤੀ ਗਈ ਇਕ ਆਜ਼ਾਦ ਸੰਸਥਾ ਹੈ ਅਤੇ ਇਹ ਇਸ ਕਿੱਤੇ ਦੇ ਸਾਰੇ ਮੈਂਬਰਾਂ ਵਲੋਂ ਦਿੱਤੀਆਂ ਫੀਸਾਂ ਨਾਲ ਚੱਲਦੀ ਹੈ। ਲੀਗਲ ਪ੍ਰੋਫੈਸ਼ਨ (ਕਾਨੂੰਨੀ ਕਿੱਤਾ) ਐਕਟ ਅਧੀਨ ਸੁਸਾਇਟੀ ਦਾ ਮੁਢਲਾ ਕੰਮ, ਨਿਆਂ ਦੇ ਲਾਗੂ ਹੋਣ ਵਿਚ ਲੋਕਾਂ ਦੇ ਹੱਕਾਂ ਨੂੰ ਬਚਾਉਣਾ ਹੈ। ਆਪਣੇ ਨਿਯਮਬੱਧ ਫਰਜ਼ ਪੂਰੇ ਕਰਦੀ ਹੋਈ, ਸੁਸਾਇਟੀ ਬੀ ਸੀ ਵਿਚ 10,000 ਤੋਂ ਵੀ ਜ਼ਿਆਦਾ ਵਕੀਲਾਂ ਦੇ ਲਾਇਸੰਸਾਂ, ਪੇਸ਼ਾਵਰ ਚਾਲ-ਚਲਣ ਅਤੇ ਅਨੁਸਾਸ਼ਨ ਲਈ ਜ਼ਿੰਮੇਵਾਰ ਹੈ।


The Law Society
of British Columbia

845 Cambie Street
Vancouver, British Columbia
Canada V6B 4Z9

ਟੈਲੀਫੋਨ: (604) 669-2533
ਫੈਕਸ: (604) 669-5232
ਬੀ.ਸੀ. ਵਿਚ ਮੁਫਤ ਲਾਈਨ: 1-800-903-5300
ਟੀ ਟੀ ਵਾਈ: (604) 443-5700
www.lawsociety.bc.ca



**ਤੁਸੀਂ ਅਤੇ ਤੁਹਾਡਾ ਵਕੀਲ**
(Punjabi Version) June 2004


# ਤੁਸੀਂ ਅਤੇ ਤੁਹਾਡਾ ਵਕੀਲ

The Law Society
of British Columbia

ਕਾਨੂੰਨ ਤੁਹਾਡੀ ਰੋਜ਼ਾਨਾ ਜ਼ਿੰਦਗੀ ਦਾ ਇਕ ਹਿੱਸਾ ਹੈ ਅਤੇ ਵਕੀਲ ਤੁਹਾਡੀਆਂ ਕਾਨੂੰਨੀ ਕਾਰਵਾਈਆਂ ਵਿਚ ਤੁਹਾਨੂੰ ਸੇਧ ਦੇਣ ਲਈ ਟਰੇਂਡ ਹੁੰਦੇ ਹਨ। ਵਕੀਲ, ਘਰ ਖਰੀਦਣ ਵਿਚ, ਆਪਣੀ ਵਸੀਅਤ ਲਿਖਣ ਵਿਚ ਜਾਂ ਕੋਈ ਕਾਰੋਬਾਰ ਚਲਾਉਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਵਕੀਲ ਤੁਹਾਡੀ ਉਦੋਂ ਵੀ ਮਦਦ ਕਰ ਸਕਦਾ ਹੈ ਜਦੋਂ ਤੁਹਾਡਾ ਐਕਸੀਡੈਂਟ ਹੋ ਜਾਂਦਾ ਹੈ, ਤੁਸੀਂ ਅਤੇ ਤੁਹਾਡਾ ਜੀਵਨ ਸਾਥੀ ਅੱਡ ਹੋ ਜਾਂਦੇ ਹੋ ਜਾਂ ਜਦੋਂ ਤੁਹਾਨੂੰ ਕੋਰਟ ਵਿਚ ਜਾਣਾ ਪੈਂਦਾ ਹੈ।

## ਢੁਕਵਾਂ ਵਕੀਲ ਲੱਭਣਾ

ਆਪਣੇ ਲਈ ਢੁਕਵਾਂ ਵਕੀਲ ਲੱਭਣ ਦੇ ਕਈ ਤਰੀਕੇ ਹਨ। ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਸਾਥੀ-ਕਾਮਿਆਂ ਤੋਂ ਕਿਸੇ ਚੰਗੇ ਵਕੀਲ ਬਾਰੇ ਪੁੱਛਿਆ ਜਾ ਸਕਦਾ ਹੈ। ਤੁਸੀਂ ਜਿਨ੍ਹਾਂ ਹੋਰ ਪੇਸ਼ਾਵਰ ਲੋਕਾਂ ਕੋਲ ਜਾਂਦੇ ਹੋ, ਉਹ ਵੀ ਤੁਹਾਨੂੰ ਕਿਸੇ ਵਕੀਲ ਦੀ ਦੱਸ ਪਾ ਸਕਦੇ ਹਨ, ਜਿਵੇਂ ਕਿ ਡਾਕਟਰ, ਡੈਂਟਿਸਟ ਜਾਂ ਅਕਾਊਂਟੈਂਟ।

ਤੁਸੀਂ ਚੰਗਾ ਵਕੀਲ ਲੱਭਣ ਲਈ, ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਬੀ ਸੀ ਬਰਾਂਚ ਵਲੋਂ ਚਲਾਈ ਜਾਂਦੀ ਵਕੀਲਾਂ ਦੀ ਦੱਸ ਪਾਉਣ ਵਾਲੀ ਸਰਵਿਸ ਦੀ ਵੀ ਮਦਦ ਲੈ ਸਕਦੇ ਹੋ। ਇਹ ਸਰਵਿਸ ਤੁਹਾਡੇ ਨੇੜੇ ਦੇ ਕਿਸੇ ਉਸ ਵਕੀਲ ਦਾ ਤੁਹਾਨੂੰ ਨਾਂ ਦੇਵੇਗੀ ਜਿਸ ਨੇ ਆਪਣਾ ਨਾਂ ਦੱਸਣ ਲਈ ਬੇਨਤੀ ਕੀਤੀ ਹੋਈ ਹੈ। ਤੁਸੀਂ ਅੱਧੇ-ਘੰਟੇ ਲਈ ਗੱਲਬਾਤ 10 ਡਾਲਰ ਫੀਸ ਦੇ ਕੇ ਕਰ ਸਕਦੇ ਹੋ। 604-687-3221 ਜਾਂ 1-800-663-1919 ਉੱਤੇ ਫੋਨ ਕਰੋ।

ਬਹੁਤੇ ਵਕੀਲ ਹੁਣ ਆਪਣੀਆਂ ਸੇਵਾਵਾਂ ਬਾਰੇ ਇਸ਼ਤਿਹਾਰ ਦਿੰਦੇ ਹਨ ਜਾਂ ਉਨ੍ਹਾਂ ਦੇ ਵੈੱਬਸਾਈਟ ਹਨ, ਜਿਹੜੇ ਕਿ ਉਨ੍ਹਾਂ ਦੇ ਪਿਛੋਕੜ, ਤਜਰਬੇ ਅਤੇ ਕੰਮ ਕਰਨ ਦੇ ਖੇਤਰਾਂ ਬਾਰੇ ਜਾਣਕਾਰੀ ਦਿੰਦੇ ਹਨ। ਡਾਕਟਰਾਂ ਵਾਂਗ, ਬੀ ਸੀ ਵਿਚਲੇ ਵਕੀਲ ਕਿਸੇ ਖਾਸ ਖੇਤਰ ਵਿਚ ਕੰਮ ਕਰਨ ਵਾਲੇ ਮਾਹਰਾਂ ਵਜੋਂ ਪ੍ਰਮਾਣਿਤ ਨਹੀਂ ਹਨ। ਫਿਰ ਵੀ, ਬਹੁਤੇ ਵਕੀਲ, ਆਪਣਾ ਕੰਮ ਕਾਨੂੰਨ ਦੇ ਖਾਸ ਖੇਤਰਾਂ ਤੱਕ ਸੀਮਤ ਰੱਖਦੇ ਹਨ।

ਜੇ ਤੁਸੀਂ ਕਿਸੇ ਕਲੱਬ, ਸੁਸਾਇਟੀ ਜਾਂ ਹੋਰ ਸੰਸਥਾ ਦੇ ਮੈਂਬਰ ਹੋ ਤਾਂ ਹੋ ਸਕਦਾ ਕੋਈ ਵਕੀਲ ਉਸ ਸੰਸਥਾ ਦੇ ਮੈਂਬਰਾਂ ਦੀ ਬਕਾਇਦਾ ਸਹਾਇਤਾ ਕਰਦਾ ਹੋਵੇ। ਸਮਾਜਿਕ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ, ਸਲਾਹ-ਮਸ਼ਵਰੇ ਦੀਆਂ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਜਾਂ ਹਿਮਾਇਤ ਕਰਨ ਵਾਲੀਆਂ ਸੰਸਥਾਵਾਂ ਵੀ ਕਿਸੇ ਵਕੀਲ ਦੇ ਨਾਂ ਦੀ ਸਿਫਾਰਸ਼ ਕਰਨ ਦੇ ਯੋਗ ਹੋ ਸਕਦੀਆਂ ਹਨ।

## ਲੀਗਲ ਏਡ

ਜੇ ਤੁਸੀਂ ਵਕੀਲ ਕਰਨ ਦੇ ਸਮਰਥ ਨਹੀਂ ਹੋ ਤਾਂ ਹੋ ਸਕਦਾ ਤੁਸੀਂ ਲੀਗਲ ਏਡ (ਕਾਨੂੰਨੀ ਸਹਾਇਤਾ) ਲੈਣ ਦੇ ਹੱਕਦਾਰ ਹੋਵੋ। ਬੀ ਸੀ ਵਿਚ ਲੀਗਲ ਏਡ ਦਾ ਪ੍ਰੋਗਰਾਮ, ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਚਲਾਇਆ ਜਾਂਦਾ ਹੈ। ਲੀਗਲ ਏਡ ਦੇ ਆਪਣੇ ਨੇੜੇ ਦੇ ਦਫਤਰ ਦਾ ਪਤਾ ਲਾਉਣ ਲਈ, ਆਪਣੀ ਫੋਨ ਡਾਇਰੈਕਟਰੀ ਵਿਚ “Legal Aid – Legal Services Society” ਥੱਲੇ ਦੇਖੋ ਜਾਂ www.lss.bc.ca ਉੱਤੇ ਲੀਗਲ ਸਰਵਿਸਿਜ਼ ਸੁਸਾਇਟੀ ਦੇ ਵੈੱਬਸਾਈਟ ਉੱਤੇ ਜਾਉ।

## ਆਪਣੇ ਵਕੀਲ ਨਾਲ ਤੁਹਾਡੀ ਪਹਿਲੀ ਮੀਟਿੰਗ

ਆਪਣੀ ਪਹਿਲੀ ਮੀਟਿੰਗ ਤੋਂ ਪਹਿਲਾਂ, ਆਪਣੇ ਕਾਨੂੰਨੀ ਮਸਲੇ ਦੇ ਵੇਰਵੇ ਕਾਲਕ੍ਰਮ ਮੁਤਾਬਕ ਲਿਖ ਲਵੋ ਅਤੇ ਮਸਲੇ ਵਿਚ ਸ਼ਾਮਲ ਲੋਕਾਂ ਦੇ ਨਾਂਵਾਂ, ਐਡਰੈਸਾਂ ਅਤੇ ਫੋਨ ਨੰਬਰਾਂ ਦੀ ਲਿਸਟ ਤਿਆਰ ਕਰੋ। ਸਾਰੇ ਸੰਬੰਧਿਤ ਪੇਪਰ ਆਪਣੇ ਨਾਲ ਲਿਜਾਣਾ ਯਾਦ ਰੱਖੋ।

ਤੁਹਾਨੂੰ ਇਹ ਵੀ ਪਤਾ ਲਾਉਣ ਦੀ ਲੋੜ ਹੈ ਕਿ ਕੀ ਤੁਹਾਡੀਆਂ ਆਸਾਂ ਵਾਜਬ ਹਨ। ਆਪਣੇ ਵਕੀਲ ਤੋਂ ਉਸ ਦੀ ਕਾਨੂੰਨੀ ਰਾਇ ਪੁੱਛੋ। ਆਪਣੀਆਂ ਚੋਣਾਂ ਅਤੇ ਬਦਲਵੇਂ ਤਰੀਕਿਆਂ ਬਾਰੇ ਪਤਾ ਲਾਓ। ਇਹ ਪੱਕਾ ਕਰੋ ਕਿ ਤੁਸੀਂ ਅਤੇ ਤੁਹਾਡਾ ਵਕੀਲ ਤੁਹਾਡੀਆਂ ਵਿਉਂਤਾਂ ਅਤੇ ਤਰਜੀਹਾਂ ਬਾਰੇ ਸਹਿਮਤ ਹੋ ਅਤੇ ਇਹ ਉਹ ਨਤੀਜੇ ਕੱਢਣ ਵਾਲੀਆਂ ਹੋਣ ਜਿਹੜੇ ਤੁਸੀਂ ਚਾਹੁੰਦੇ ਹੋ।

ਆਪਣੀ ਸਾਰੀ ਕਹਾਣੀ ਦੱਸੋ, ਭਾਵੇਂ ਇਹ ਨੁਕਸਾਨ ਪਹੁੰਚਾਉਣ ਵਾਲੀ ਜਾਂ ਸ਼ਰਮਨਾਕ ਹੀ ਕਿਉਂ ਨਾ ਹੋਵੇ – ਤੁਹਾਡੇ ਵਕੀਲ ਨੂੰ ਸਾਰੇ ਪਹਿਲੂ ਵਿਚਾਰਨ ਦੀ ਲੋੜ ਹੈ। ਕਾਨੂੰਨੀ ਮਸ਼ਵਰਾ ਲੈਣ ਦੇ ਮੰਤਵ ਲਈ ਤੁਸੀਂ ਜਿਹੜੀ ਵੀ ਚੀਜ਼ ਆਪਣੇ ਵਕੀਲ ਨੂੰ ਦੱਸਦੇ ਹੋ, ਉਹ ਗੁਪਤ ਰੱਖੀ ਜਾਂਦੀ ਹੈ ਅਤੇ ਤੁਹਾਡੇ ਵਕੀਲ ਨੂੰ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੀ ਕਹੀ ਹੋਈ ਗੱਲ ਕਿਸੇ ਨੂੰ ਦੱਸਣ ਦੀ ਆਗਿਆ ਨਹੀਂ ਹੈ।

## ਵਕੀਲ ਆਪਣੀਆਂ ਫੀਸਾਂ ਕਿਵੇਂ ਤਹਿ ਕਰਦੇ ਹਨ

ਇਹ ਭਵਿੱਖਬਾਣੀ ਕਰਨਾ ਅਕਸਰ ਔਖਾ ਹੁੰਦਾ ਹੈ ਕਿ ਵਕੀਲ ਕਰਨ ਦਾ ਕਿੰਨਾ ਖਰਚ ਆਵੇਗਾ। ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ ਪਹਿਲੀ ਵਾਰੀ ਮਿਲਣ ਵੇਲੇ ਫੀਸਾਂ ਬਾਰੇ ਗੱਲ ਕਰਨੀ ਚਾਹੀਦੀ ਹੈ। ਕਾਨੂੰਨੀ ਸੇਵਾਵਾਂ ਲਈ ਕੋਈ ਪੱਕੀ ਫੀਸ ਨਿਸ਼ਚਤ ਨਹੀਂ ਹੈ ਅਤੇ ਲਾਅ ਸੁਸਾਇਟੀ ਦਾ ਨਿੱਜੀ ਸੱਟਾਂ ਦੇ ਕੇਸਾਂ ਵਿਚ ਕੌਨਟਿਨਜੈਂਸੀ (ਸ਼ਰਤੀਆ) ਫੀਸਾਂ ਲਈ ਵੱਧ ਤੋਂ ਵੱਧ ਫੀਸਦੀ ਤਹਿ ਕਰਨ ਤੋਂ ਬਿਨਾਂ ਇਸ ਚੀਜ਼ ਉੱਤੇ ਕੋਈ ਅਧਿਕਾਰ ਨਹੀਂ ਹੈ ਕਿ ਵਕੀਲ ਕਿੰਨੀ ਰਕਮ ਲੈਂਦੇ ਹਨ। ਵਕੀਲ ਦੀਆਂ ਫੀਸਾਂ ਦੀ ਰਕਮ, ਤੁਹਾਨੂੰ ਚਾਹੀਦੀ ਕਾਨੂੰਨੀ ਸਹਾਇਤਾ ਦੀ ਕਿਸਮ, ਫਾਇਲ ਦੀ ਜਟਿਲਤਾ, ਵਕੀਲ ਦੇ ਹੁਨਰ ਅਤੇ ਤਜਰਬੇ ਅਤੇ ਨਿਕਲੇ ਨਤੀਜਿਆਂ ਵਰਗੀਆਂ ਚੀਜ਼ਾਂ ਅਨੁਸਾਰ ਵੱਖ ਵੱਖ ਹੋਵੇਗੀ। ਵਕੀਲ ਆਪਣੀਆਂ ਸੇਵਾਵਾਂ ਦਾ ਬਿੱਲ ਵੱਖ ਵੱਖ ਤਰੀਕਿਆਂ ਰਾਹੀਂ ਦਿੰਦੇ ਹਨ, ਜਿਸ ਵਿਚ ਖਾਸ ਸੇਵਾਵਾਂ ਲਈ ਪੱਕੇ ਰੇਟ, ਘੰਟਿਆਂ ਦੇ ਰੇਟ ਅਤੇ ਕੌਨਟਿਨਜੈਂਸੀ ਫੀਸ ਸ਼ਾਮਲ ਹਨ।

**ਪੇਸ਼ਗੀ ਫੀਸ:** ਪੇਸ਼ਗੀ ਫੀਸ (ਰੀਟੇਨਰ) ਉਹ ਰਕਮ ਹੈ ਜਿਹੜੀ ਤੁਸੀਂ ਆਪਣੇ ਵਕੀਲ ਨੂੰ ਉਸ ਵਲੋਂ ਤੁਹਾਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਤੁਹਾਡੀ ਤਰਫੋਂ ਵਕੀਲ ਵਲੋਂ ਕੀਤੇ ਜਾਣ ਵਾਲੇ ਖਰਚਿਆਂ ਲਈ ਅਮਾਨਤ ਵਜੋਂ ਦਿੰਦੇ ਹੋ। ਤੁਹਾਡਾ ਵਕੀਲ ਹਿਸਾਬ-ਕਿਤਾਬ ਦਾ ਵੇਰਵਾ ਤੁਹਾਨੂੰ ਦੇਵੇਗਾ ਜਿਹੜਾ ਕਿ ਤੁਹਾਡੀ ਪੇਸ਼ਗੀ ਫੀਸ ਵਿਚੋਂ ਦਿੱਤਾ ਜਾਵੇਗਾ।

**ਹੋਰ ਖਰਚੇ:** ਹੋਰ ਖਰਚੇ (ਡਿਸਬਰਸਮੈਂਟਸ), ਸਰਕਾਰੀ ਫੀਸਾਂ, ਅਦਾਲਤ ਵਿਚ ਕੇਸ ਫਾਇਲ ਕਰਨ ਦੀਆਂ ਫੀਸਾਂ, ਕੋਰੀਅਰ ਦੇ ਖਰਚੇ, ਫੋਟੋਕਾਪੀਆਂ ਦੇ ਖਰਚੇ ਜਾਂ ਡਾਕਟਰਾਂ ਜਾਂ ਇੰਜਨੀਅਰਾਂ ਵਰਗੇ ਲੋਕਾਂ ਤੋਂ ਲਈਆਂ ਮਾਹਰ ਰਿਪੋਰਟਾਂ ਲਈ ਦਿੱਤੀਆਂ ਫੀਸਾਂ ਹਨ। ਇਨ੍ਹਾਂ ਖਰਚਿਆਂ ਲਈ ਤੁਸੀਂ ਜ਼ਿੰਮੇਵਾਰ ਹੋ ਅਤੇ ਇਹ ਖਰਚੇ ਤੁਹਾਡੇ ਕਾਨੂੰਨੀ ਬਿੱਲ ਵਿਚ ਸ਼ਾਮਲ ਕੀਤੇ ਜਾਣਗੇ।

**ਟੈਕਸੇ:** ਵਕੀਲਾਂ ਨੂੰ ਸਾਰੀਆਂ ਫੀਸਾਂ ਅਤੇ ਬਹੁਤੇ ਖਰਚਿਆਂ ਉੱਤੇ ਪੀ ਐੱਸ ਟੀ ਅਤੇ ਜੀ ਐੱਸ ਟੀ ਲੈਣੀ ਪੈਂਦੀ ਹੈ।

ਵਕੀਲਾਂ ਦੀਆਂ ਫੀਸਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਲਾਅ ਸੁਸਾਇਟੀ ਆਫ ਬੀ ਸੀ ਦਾ ਕਿਤਾਬਚਾ *ਆਪਣੇ ਵਕੀਲ ਦੀਆਂ ਫੀਸਾਂ ਨੂੰ ਸਮਝਣਾ* ਦੇਖੋ ਜਾਂ www.lawsociety.bc.ca ਉੱਤੇ ਲਾਅ ਸੁਸਾਇਟੀ ਦੇ ਵੈੱਬਸਾਈਟ ਉੱਤੇ ਜਾਉ।